PUNJABDISAPPEARED.ORG
disappeared, denied but not forgotten

# ਪ੍ਰੈਸ ਨੋਟ

**ਸੀ.ਬੀ.ਆਈ ਦੀ ਵਿਸ਼ੇਸ਼ ਅਦਾਲਤ ਨੇ ਸਾਬਕਾ ਇੰਸਪੈਕਟਰ ਨੂੰ 1991 ਵਿੱਚ ਪੰਜਾਬ ਰਾਜ ਬਿਜਲੀ ਬੋਰਡ ਮੁਲਾਜ਼ਮ ਨੂੰ ਅਗਵਾ ਕਰਨ ਅਤੇ ਲਾਪਤਾ ਕਰਨ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ।**

31 ਜਨਵਰੀ 2022

ਸੀਬੀਆਈ ਦੀ ਵਿਸ਼ੇਸ਼ ਅਦਾਲਤ ਮੋਹਾਲੀ – ਸੀ.ਬੀ.ਆਈ ਦੀ ਸਪੈਸ਼ਲ ਜੱਜ ਹਰਿੰਦਰ ਸਿੱਧੂ ਨੇ, ਉਸ ਸਮੇਂ ਦੇ ਥਾਣਾ ਸਦਰ ਤਰਨ ਤਾਰਨ ਦੇ ਐਸ.ਐਚ.ਓ ਸਾਬਕਾ ਇੰਸਪੈਕਟਰ ਮੇਜਰ ਸਿੰਘ (ਦੋਸ਼ੀ) ਨੂੰ ਸੰਤੋਖ ਸਿੰਘ (ਪੀੜਤ) ਨੂੰ 1991 ਵਿੱਚ ਪੰਜਾਬ ਪੁਲਿਸ ਦੁਆਰਾ ਖਾੜਕੂਵਾਦ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਸਿਖਰ ਦੌਰਾਨ ਅਗਵਾ, ਗੈਰ ਕਾਨੂੰਨੀ ਹਿਰਾਸਤ ਅਤੇ ਲਾਪਤਾ ਕਰਨ ਲਈ ਦੋਸ਼ੀ ਠਹਿਰਾਇਆ। ਇੰਸਪੈਕਟਰ ਮੇਜਰ ਸਿੰਘ ਨੂੰ ਕਤਲ ਲਈ ਧਾਰਾ 364 ਆਈ.ਪੀ.ਸੀ ਅਧੀਨ ਚੁੱਕਣ ਜਾਂ ਅਗਵਾ ਕਰਨ ਲਈ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਉਸ ਨੂੰ 50,000/- ਰੁਪਏ ਜੁਰਮਾਨੇ ਦੇ ਨਾਲ 10 ਸਾਲ ਦੀ ਕੈਦ ਅਤੇ ਧਾਰਾ 344 ਅਧੀਨ (10 ਦਿਨ ਜਾਂ ਵੱਧ ਸਮੇਂ ਲਈ ਗਲਤ ਤਰੀਕੇ ਨਾਲ ਕੈਦ) 3 ਸਾਲ ਦੀ ਕੈਦ ਅਤੇ 20,000/- ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਸੀ।

ਪੀੜਤ ਸੰਤੋਖ ਸਿੰਘ ਪਿੰਡ ਜਸਪਾਲ, ਮਹਿਤਾ ਜ਼ਿਲ੍ਹਾ ਅੰਮ੍ਰਿਤਸਰ ਪੰਜਾਬ ਰਾਜ ਬਿਜਲੀ ਬੋਰਡ ਦੀ ਬੁਟਾਰੀ ਸਬ ਡਵੀਜ਼ਨ ਵਿੱਚ ਮੁਲਾਜ਼ਮ ਸੀ। 31 ਜੁਲਾਈ 1991 ਦੀ ਸ਼ਾਮ ਨੂੰ ਉਹ ਰਾਤ 8:30 ਵਜੇ ਆਪਣੀ ਡਿਊਟੀ ਤੋਂ ਘਰ ਪਰਤਿਆ ਤਾਂ ਥਾਣਾ ਸਦਰ, ਤਰਨ ਤਾਰਨ ਤੋਂ ਦੋਸ਼ੀ ਇੰਸਪੈਕਟਰ ਮੇਜਰ ਸਿੰਘ ਨੇ ਪੁਲਿਸ ਪਾਰਟੀ ਸਮੇਤ ਉਸ ਦੇ ਘਰ ਛਾਪਾ ਮਾਰਿਆ। ਪੀੜਤ ਨੂੰ ਉਸ ਦੀ ਮਾਂ ਸਵਰਨ ਕੌਰ, ਉਸ ਦੀ ਪਤਨੀ ਰਾਜਵਿੰਦਰ ਕੌਰ ਦੇ ਸਾਹਮਣੇ ਫੜ ਕੇ ਲੈ ਗਏ, ਜਿਸਨੇ ਨੇ ਆਪਣਾ ਨਵਜੰਮਿਆ ਬੱਚਾ ਚੁੱਕਿਆ ਹੋਇਆ ਸੀ।। ਦੋਵਾਂ ਔਰਤਾਂ ਨੇ ਰੌਲਾ ਪਾਇਆ, ਗੁਆਂਢੀਆਂ ਅਤੇ ਪਿੰਡ ਦੇ ਕਈ ਗਵਾਹਾਂ ਨੇ ਇੰਸਪੈਕਟਰ ਮੇਜਰ ਸਿੰਘ ਨੂੰ ਸੰਤੋਖ ਸਿੰਘ ਦੇ ਹੱਥ ਬੰਨ੍ਹਦੇ ਦੇਖਿਆ, ਜਿਸ ਨੂੰ ਥਾਣਾ ਸਦਰ ਤਰਨ ਤਾਰਨ ਲਿਜਾਇਆ ਗਿਆ।

ਉਸ ਨੂੰ ਗੈਰ-ਕਾਨੂੰਨੀ ਹਿਰਾਸਤ ਵਿਚ ਰੱਖਿਆ ਗਿਆ ਸੀ, ਜਿੱਥੇ ਹੋਰ ਕੈਦੀਆਂ ਨੇ ਉਸ ਤੇ ਹੋਏ ਸਖ਼ਤ ਤਸ਼ੱਦਦ ਨੂੰ ਦੇਖਿਆ, ਉਨ੍ਹਾਂ ਨੇ ਉਸ ਦੀ ਹਾਲਤ ਨੂੰ ਨਾਜ਼ੁਕ ਦੱਸਿਆ, ਉਸ ਨੂੰ ਦਿੱਤੇ ਗਏ ਤਸੀਹਿਆ ਕਾਰਨ ਉਸ ਦੀ ਹਾਲਤ ਅਜਿਹੀ ਸੀ ਕਿ ਉਹ ਖਾਣ-ਪੀਣ ਤੋਂ ਵੀ ਅਸਮਰੱਥ ਸੀ। ਸਵਰਨ ਕੌਰ ਨੇ ਆਪਣੇ ਬੇਟੇ ਦੀ ਰਿਹਾਈ ਲਈ ਬੇਨਤੀ ਕੀਤੀ ਅਤੇ ਉਸ ਸਮੇਂ ਦੇ ਐਸ.ਪੀ ਅਪਰੇਸ਼ਨਜ਼ ਖੂਬੀ ਰਾਮ ਕੋਲ ਵੀ ਪਹੁੰਚ ਕੀਤੀ ਸੀ, ਜਿਨ੍ਹਾਂ ਨੇ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਸੀ ਕਿ ਉਹ ਉਨ੍ਹਾਂ ਦੀ ਹਿਰਾਸਤ ਵਿੱਚ ਹੈ ਅਤੇ ਉਸ ਨਾਲ ਵਾਅਦਾ ਕੀਤਾ ਸੀ ਕਿ ਉਸ ਦੇ ਪੁੱਤਰ ਨੂੰ ਰਿਹਾਅ ਕਰ ਦਿੱਤਾ ਜਾਵੇਗਾ। ਉਸਦੀ ਲੰਮੀ ਨਜ਼ਰਬੰਦੀ ਅਤੇ ਤਸ਼ੱਦਦ ਤੋਂ ਬਾਅਦ, ਉਸਨੂੰ ਦੁਬਾਰਾ ਵੇਖਿਆ ਜਾਂ ਸੁਣਿਆ ਨਹੀਂ ਗਿਆ ਸੀ।

ਜਿਵੇਂ ਕਿ ਪੰਜਾਬ ਪੁਲਿਸ ਦੀ ਪ੍ਰਚਲਿਤ ਪ੍ਰਥਾ ਸੀ ਜਦੋਂ ਪੀੜਤ ਨੂੰ ਲਾਪਤਾ ਕੀਤਾ ਜਾਂਦਾ ਸੀ, ਮਤਲਬ ਕਿ ਪੁਲਿਸ ਹਿਰਾਸਤ ਵਿੱਚ ਉਸਦੀ ਹੱਤਿਆ ਕਰ ਦਿੱਤੀ ਗਈ ਸੀ ਅਤੇ ਉਸਦੀ ਲਾਸ਼ ਨੂੰ ਗੈਰ-ਕਾਨੂੰਨੀ ਅਤੇ ਗੁਪਤ ਤਰੀਕੇ ਨਾਲ ਨਿਪਟਾਇਆ ਗਿਆ ਸੀ। ਪਿਛਲੇ 31 ਸਾਲਾਂ ਤੋਂ ਮਾਤਾ ਸਵਰਨ ਕੌਰ ਨੇ ਸੱਚ ਅਤੇ ਨਿਆਂ ਲਈ ਅਣਥੱਕ ਲੜਾਈ ਲੜੀ ਹੈ। 1996 ਵਿੱਚ ਉਸਨੇ ਪੰਜਾਬ ਪੁਲਿਸ ਨੂੰ ਉਸਦੇ ਪੁੱਤਰ ਨੂੰ ਪੇਸ਼ ਕਰਨ ਜਾਂ ਉਸਦੇ ਅਗਵਾ ਅਤੇ ਲਾਪਤਾ ਹੋਣ ਦੀ ਜਾਂਚ ਕਰਨ ਲਈ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਹੈਬੀਅਸ ਕਾਰਪਸ (Habeas corpus) ਦਾਇਰ ਕੀਤਾ।

ਲੰਮੀ ਕਾਰਵਾਈ ਦੌਰਾਨ ਇਹ ਸਾਬਤ ਹੋ ਗਿਆ ਕਿ ਸੰਤੋਖ ਸਿੰਘ ਇੱਕ ਚੰਗੇ ਚਰਿੱਤਰ ਵਾਲਾ ਵਿਅਕਤੀ ਸੀ, ਜਿਸਦਾ ਖਾੜਕੂਵਾਦ ਜਾਂ ਦਹਿਸ਼ਤਗਰਦੀ ਨਾਲ ਕੋਈ ਪੂਰਵ ਵਿਸ਼ਵਾਸ ਜਾਂ ਸਬੰਧ ਨਹੀਂ ਸੀ। ਸਬੂਤ ਦਾ ਇੱਕ ਅਹਿਮ ਹਿੱਸਾ ਪੰਜਾਬ ਰਾਜ ਬਿਜਲੀ ਬੋਰਡ ਦੇ ਕਰਮਚਾਰੀ ਦੇ ਰਿਕਾਰਡ ਤੋਂ ਹੈ ਜੋ ਦਰਸਾਉਂਦਾ ਹੈ ਕਿ ਉਹ ਆਪਣੇ ਅਗਵਾ ਹੋਣ ਦੀ ਸ਼ਾਮ ਤੋਂ ਕੰਮ 'ਤੇ ਨਹੀਂ ਗਿਆ ਸੀ ਜਾਂ ਆਪਣੀ ਤਨਖਾਹ ਨਹੀਂ ਲਈ ਸੀ।

21 ਜਨਵਰੀ 1998 ਨੂੰ ਹਾਈਕੋਰਟ ਨੇ ਸੀ.ਬੀ.ਆਈ ਨੂੰ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਸਨ। ਸੀ.ਬੀ.ਆਈ ਜਾਂਚ ਨੇ ਸਿੱਟਾ ਕੱਢਿਆ ਕਿ ਸੰਤੋਖ ਸਿੰਘ ਨੂੰ ਇੰਸਪੈਕਟਰ ਮੇਜਰ ਸਿੰਘ ਨੇ ਅਗਵਾ ਕੀਤਾ ਸੀ ਅਤੇ ਗੈਰ-ਕਾਨੂੰਨੀ ਤੌਰ 'ਤੇ ਹਿਰਾਸਤ ਵਿੱਚ ਰੱਖਿਆ ਸੀ। ਸੀ.ਬੀ.ਆਈ ਦੁਆਰਾ 21 ਅਗਸਤ 1998 ਨੂੰ ਇੱਕ ਕੇਸ ਦਰਜ ਕੀਤਾ ਗਿਆ ਸੀ। 21 ਅਪ੍ਰੈਲ 1999 ਨੂੰ ਚਾਰਜਸ਼ੀਟ ਦਾਇਰ ਕੀਤੀ ਗਈ ਸੀ, ਮੁਕੱਦਮੇ ਦੀ ਕਾਰਵਾਈ ਨੂੰ ਪਟੜੀ ਤੋਂ ਉਤਾਰਨ ਲਈ ਦੋਸ਼ੀਆ ਦੇ ਵਾਰ-ਵਾਰ ਅਤੇ ਵੱਖ-ਵੱਖ ਹੱਥ-ਕੰਡੇ ਅਪਨਾਉਣ ਕਾਰਨ ਮੁਕੱਦਮੇ ਨੂੰ ਪੂਰਾ ਹੋਣ ਵਿੱਚ 32 ਸਾਲ ਲੱਗ ਗਏ। ਇਸ ਮਾਮਲੇ 'ਤੇ ਹਾਈਕੋਰਟ ਨੇ 2002 'ਚ ਰੋਕ ਲਗਾ ਦਿੱਤੀ ਸੀ, ਫਿਰ 2003 'ਚ ਸੁਪਰੀਮ ਕੋਰਟ ਨੇ, ਜਿਸ ਨੂੰ ਆਖਰਕਾਰ 2006 'ਚ ਖਾਰਿਜ ਕਰ ਦਿੱਤਾ ਗਿਆ ਸੀ। ਦੋਸ਼ੀਆਂ ਨੇ ਮੁਕੱਦਮੇ 'ਚ ਫਿਰ ਹੋਰ ਦੇਰੀ ਕੀਤੀ ਅਤੇ 2016 'ਚ ਸੁਪਰੀਮ ਕੋਰਟ ਨੇ ਮੁੜ ਸੁਣਵਾਈ ਨੂੰ ਅੱਗੇ ਵਧਾਉਣ ਦਾ ਹੁਕਮ ਦਿੱਤਾ। ਫਿਰ 2016 ਵਿੱਚ ਉਸਨੇ ਕਾਰਵਾਈ 'ਤੇ ਰੋਕ ਦੀ ਮੰਗ ਕੀਤੀ ਜਿਸ ਨੂੰ ਹਾਈਕੋਰਟ ਨੇ 2017 ਵਿੱਚ ਖਾਰਜ ਕਰ ਦਿੱਤਾ। ਮੁਕੱਦਮੇ ਦੀ ਸੁਣਵਾਈ ਨਵੰਬਰ 2019 ਵਿੱਚ ਦੁਬਾਰਾ ਸਟੇਅ ਹੋਈ ਗਈ ਸੀ ਜੋ ਕਿ ਦਸੰਬਰ 2021 ਵਿੱਚ ਦੁਬਾਰਾ ਸ਼ੁਰੂ ਹੋਈ ਤਾਂ ਮੁਕੱਦਮੇ ਦੀ ਅੰਤਿਮ ਸੁਣਵਾਈ 31 ਜਨਵਰੀ 2022 ਨੂੰ ਹੋਈ ਅਤੇ ਜਿਸਤੇ ਅੱਜ ਸੰਤੋਖ ਸਿੰਘ ਦੇ ਅਗਵਾ ਹੋਣ ਦੇ ਤਕਰੀਬਨ 32 ਸਾਲਾਂ ਬਾਅਦ ਅਤੇ ਲਾਪਤਾ ਹੋਣ ਦਾ ਦੋਸ਼ੀ ਆਖਰਕਾਰ ਦੋਸ਼ੀ ਕਰਾਰ ਦਿੱਤਾ ਗਿਆ।

ਅਜਿਹੇ ਗੰਭੀਰ ਅਤੇ ਘਿਨਾਉਣੇ ਅਪਰਾਧ ਲਈ 10 ਸਾਲ ਦੀ ਸਜ਼ਾ ਥੋੜ੍ਹੀ (ਨਰਮ) ਸੀ, "ਮੇਰੀ ਕਾਨੂੰਨੀ ਟੀਮ ਫੈਸਲੇ ਦੀ ਸਮੀਖਿਆ ਕਰੇਗੀ ਅਤੇ ਅਸੀਂ ਹਾਈਕੋਰਟ ਨੂੰ ਮੇਰੇ ਪੁੱਤਰ ਦੇ ਅਗਵਾ ਅਤੇ ਕਤਲ ਲਈ ਉਮਰ ਕੈਦ ਦੀ ਸਜ਼ਾ ਦੇਣ ਲਈ ਕਹਾਂਗੇ"

ਜ਼ਿਆਦਾ ਜਾਣਕਾਰੀ ਲਈ

*Advocate Jagjjit Singh Bajwa and Satnam Singh Bains 9988227597*

*email: info@punjabdisappeared.com*



Complainant: Swararn Kaur



Victim: Santokh Singh



Convicted: Former Inspector Major Singh